Purva Mimaansa | Refereed | Peer Reviewed
ISSN: 0976-0237 | Volume 14, Issue March 2023 | Impact Factor 5.320

# ਪਰਵਾਸ :ਵਿਕਾਸ ਅਤੇ ਵਿਗਾੜ

**ਡਾ.ਨਿਰਵੈਰ ਸਿੰਘ**
ਮੁਖੀ ਪੰਜਾਬੀ ਵਿਭਾਗ, ਐਸ.ਡੀ.ਕਾਲਜ, ਅੰਬਾਲਾ ਛਾਉਣੀ।

ਸੰਕਟ ਦਾ ਕਾਰਨ ਹਰੇਕ ਪੀੜ੍ਹੀ ਆਪਣੇ ਸਮੇਂ ਦੀ ਪ੍ਰਤਿਨਿਧਤਾ ਕਰਨਾ ਚਾਹੁੰਦੀ ਹੈ। ਇਹ ਪਰਵਾਸ ਉਦੋਂ ਉਜਾੜ ਨਜ਼ਰ ਆਉਂਦਾ ਹੈ।ਜਦੋਂ ਇਕ ਪੀੜ੍ਹੀ ਆਪਣੀਆਂ ਇਛਾਵਾਂ ਅਤੇ ਕਦਰਾਂ-ਕੀਮਤਾਂ ਨੂੰ ਦੂਜੇ ਵਿਚ ਟੁੱਟਦਾ ਵੇਖਦੀ ਹੈ।ਜਿਵੇਂ ਨਵੀਂ ਪੀੜ੍ਹੀ ਪਰਾਣੀ ਪੀੜ੍ਹੀ ਦੇ ਸਭਿਆਚਾਰਕ ਰੁਝਾਨ ਅਤੇ ਦੂਜੇ ਸਭਿਆਚਾਰ ਨਾਲ ਅੰਤਰ ਸਭਿਆਚਾਰਕ ਸੰਬੰਧ ਰਚਾਉਣ ਵਾਲੀ ਰੁਚੀ ਨੂੰ ਵਿਗਾੜ੍ਹ ਮੰਨਦੀ ਹੈ।ਨਵੀਂ ਪੀੜ੍ਹੀ ਪਰਾਣੀ ਪੀੜ੍ਹੀ ਅਜਿਹੀ ਸੋਚ ਨੂੰ ਪਿਛੜਾਪਨ ਮਹਿਸੂਸ ਕਰਦੀ ਹੈ।

ਸਭ ਤੋਂ ਪਹਿਲਾਂ ਸੰਕਟ ਸਭਿਆਚਾਰਕ ਰੁਪਾਂਤਰ ਕਰਕੇ ਪੈਦਾ ਹੁੰਦਾ ਹੈ।ਪੱਛਮੀ ਵਿਕਸਿਤ ਖੁੱਲ੍ਹੇ ਸਭਿਆਚਾਰ ਵਿਚ ਜੰਮੀ-ਪਲੀ ਅਤੇ ਪੜ੍ਹੀ ਨਵੀਂ ਪੀੜ੍ਹੀ ਦਾ ਖਾਨ-ਪਾਨ,ਪਹਿਰਾਵਾ,ਸੋਚ ਪੰਜਾਬੀਅਤ ਦੇ ਉਲਟ ਨਜ਼ਰ ਆਉਂਦਾ ਹੈ।ਜਵਾਨੀ ਵੇਲੇ ਪੰਜਾਬ ਰਹੀਂ ਅਤੇ ਅੱਗੇ ਦਾ ਜੀਵਨ ਪੱਛਮ ਵਿਚ ਗੁਜ਼ਾਰਦੀ ਪਰਵਾਸ ਦੀ ਪਹਿਲੀ ਪੀੜ੍ਹੀ ਸੰਕਟਗ੍ਰਸਤ ਅਤੇ ਸੰਵਾਦ ਰਚਾਉਂਦੀ ਨਜ਼ਰ ਆਉਂਦੀ ਹੈ।ਇਕ ਪਾਸੇ ਸ਼ੁਧ ਜਗੀਰਦਾਰੂ ਰੁਚੀ ਦੂਜੇ ਪਾਸੇ ਅਰਥ ਜਗੀਰਦਾਰੀ ਅਤੇ ਵਿਕਸਿਤ ਪੂੰਜੀਵਾਦੀ ਸਮਾਜ ਨਾਲ ਤਾਲਮੇਲ ਬਿਠਾਉਣ ਵਾਲੀ ਰੁਚੀ ਅਤੇ ਪੂਰੀ ਤਰ੍ਹਾਂ ਪੱਛਮੀ ਜੀਵਨ-ਜਾਚ ਦੀਆਂ ਚੇਸ਼ਟਾਵਾਂ,ਵਿਚਾਰਾਂ,ਸੋਚਾਂ ਰੱਖਣ ਵਾਲੀ ਰੁਚੀ ਵੀ ਸਭਿਆਚਾਰਕ ਫਰਕ ਕਟੰਟ ਭਾਵ ਸੰਕਟ ਨੂੰ ਜਨਮ ਦਿੰਦੀ ਹੈ।ਸਭਿਆਚਾਰ ਨਾਲ ਜਿਆਦਾ ਹੇਰਵਾ ਜਾਤੀਗਤ ਅਵਚੇਤਨ ਵਾਲੀ ਮਾਨਸਿਕਤਾ ਦਾ ਮੂਲ ਆਧਾਰ ਹੈ।ਪਰਵਾਸੀ ਨਾਵਲਕਾਰ ਸਵਰਨ ਚੰਦਨ ਦੇ ਨਾਵਲ 'ਕੰਜਕਾਂ'ਵਿਚ ਇਕ ਦਲਿਤ ਪਰਵਾਸੀ ਔਰਤ ਦੇ ਮੂੰਹੋਂ ਉਚਰੇ ਇਹ ਬੋਲ "ਕਿੱਥੇ ਗਿਆ ਤੁਹਾਡਾ ਜੱਟਪੁਣਾ ,ਹੋਰ ਬਿਠਾਓ ਸਾਨੂੰ ਠੰਢੇ ਫਰਸ਼ਾਂ ਤੇ ਅੱਜ ਸਾਡੇ ਬਰਾਬਰ ਕਰਦੇ ਹੋ ਕੰਮ ਸਾਫ-ਸਫਾਈ ਦਾ" ਅਜਿਹੇ ਬੋਲ ਜਿੱਥੇ ਇਕ ਸਮਾਜ ਦਾ ਜਾਤੀਗਤ ਸਵੈਮਾਣ ਤੋੜਦੇ ਹਨ।ਉੱਥੇ ਦੂਜੇ ਸਮਾਜ 'ਚ ਬਰਾਬਰਤਾ ਦਾ ਅਹਿਸਾਸ ਵੀ ਦੁਆਂਦੇ ਹਨ।ਜੋ ਇਕ ਮਾਨਵ ਕਲਿਆਣ ਅਤੇ ਸਮਾਜ ਦੀ ਉਸਾਰੀ ਦਾ ਸ਼ੁਭ-ਸੰਕੇਤ ਵੀ ਹੈ।ਇਸੇ ਜਾਤੀਗਤ ਅਵਚੇਤਨ ਵਾਲੀ ਮਾਨਸਿਕਤਾ ਕਰਕੇ ਜਾਗੀਰਦਾਰੀ ਸਮਾਜ ਨਾਲ ਸੰਬੰਧਿਤ ਜਾਤਾਂ ਮਾਨਸਿਕ ਦੁਖਾਂਤ ਝੱਲਦੀਆਂ ਹਨ।ਅੰਗਰੇਜੀ ਕੌਮ ਵਿਚਲਾ ਜਾਤੀਗਤ ਭਾਵ ਨਸਲੀ ਵਿਤਕਰੇ ਦੀ ਜੜ੍ਹਾਂ ਨੂੰ ਗਹਿਰਾ ਕਰਦਾ ਹੈ।ਤਰੱਕੀ ਨਾ ਮਿਲਣਾ ਅਤੇ ਵਿਤਕਰੇ ਦੇ ਅਹਿਸਾਸ ਲੈਕੇ ਜਰਨੈਲ ਸਿੰਘ ਦੀ ਕਹਾਣੀ ਜੜਾਂ ਵਿਚ ਪਾਤਰ ਪੱਛਮੀ ਜ਼ਮੀਨ ਨੂੰ ਸਿਉਂਕ ਖਾਧਾ ਹੋਣ ਤੀਕ ਘੋਸ਼ਿਤ ਕਰ ਦਿੰਦਾ ਹੈ।ਪਰਵਾਸੀ ਔਰਤ ਦੀ ਸਥਿਤੀ ਵੱਲ ਝਾਤ ਮਾਰੀਏ ਤਾਂ ਪੱਛਮ ਵਿਚ ਰਹਿੰਦੀ ਔਰਤ ਦੁਖਾਂਤ ਵੀ ਭੋਗਦੀ ਵੀ ਹੈ।ਪਰ ਉਸਦੀ ਨਵੀਨ ਵਿਸ਼ਵਪੱਧਰੀ ਸਥਿਤੀ ਨਜ਼ਰ ਆਉਂਦੀ ਹੈ।

ਪਰਵਾਸ ਦਾ ਮੁਢਲਾ ਅਤੇ ਸਾਧਾਰਨ ਅਰਥ ਪਰਾਈ ਧਰਤੀ ਤੇ ਕਿੱਤਾ ਵਾਸ ਹੈ।ਮਨੁੱਖੀ ਸਮਾਜ ਦੇ ਹੋਂਦ ਤੋਂ

ਲੈਕੇ ਮਨੁੱਖ ਅਤੇਇੱਥੋਂ ਤੱਕ ਦੀ ਜੀਵ-ਜੰਤੂ ਵੀ ਆਪਣੀ ਪੇਟ ਦੀ ਭੁੱਖ ਅਤੇ ਵਧੀਆ ਖੁਸ਼ਹਾਲ ਵਾਤਾਵਰਨ ਦੀ ਪ੍ਰਾਪਤੀ ਲਈ ਪਰਵਾਸ ਧਾਰਦੇ ਰਹੇ ਹਨ।ਇਹ ਪ੍ਰਕਿਰਤੀ ਸਹਿਜ ਕਿਰਿਆ ਅਤੇ ਗਿਆਨ ਹੈ।ਪੰਜਾਬੀ ਆਰਥਿਕ ਵਾਧੇ,ਪਦਾਰਥਵਾਦੀ ਮੋਹ ਅਤੇ ਵਧੀਆ ਜੀਵਨ ਜੀਣ ਦੀ ਚਾਹਤ ਲੈਕੇ ਕੁੱਝ ਦਹਾਕਿਆਂ ਤੋਂ ਪਰਵਾਸ ਧਾਰਦਾ ਰਿਹਾ ਹੈ।ਪਰਵਾਸ ਇਕ ਉਜਾੜ ਵੀ ਹੈ।ਜਿੱਥੇ ਵਿਚ ਵਿਕਾਸ ਲੁਕਿਆ ਹੋਇਆ ਹੈ।ਦੁਨੀਆਂ ਦੀਆਂ ਕਈ ਉੱਨਤ ਕੌਮਾਂ ਵਾਂਗ ਪੰਜਾਬੀ ਲਗਭਗ ਪਿਛਲੀ ਇਕ ਸਦੀ ਤੋਂ ਵੱਡੇ ਰੂਪ ਵਿਚ ਪਰਵਾਸ ਵੱਲ ਰੁਚਿਤ ਰਹੇ ਹਨ।ਮੇਰੇ ਇਸ ਖੋਜ ਪੱਤਰ ਦਾ ਮੰਤਵ ਇਸ ਸੁਆਲ ਦਾ ਜਵਾਬ ਲੱਭਣਾ ਹੈ।ਪਰਵਾਸ ਜੋ ਆਰਥਿਕ,ਸਮਾਜਕ,ਸਿੱਖਿਅਕ ਵਿਕਾਸ ਨਜ਼ਰ ਆਉਂਦਾ ਹੈ।ਕੀ ਇਸ ਪਿੱਛੇ ਕੋਈ ਵਿਗਾੜ ਅਤੇ ਉਜੜੇ ਦੀ ਭਾਵਨਾ ਵੀ ਨਿਰੰਤਰ ਗਤੀਸ਼ੀਲ ਹੈ। ?ਜੇ ਹੈ ਤਾਂ ਉਸ ਪਿੱਛੇ ਕਿਹੜੇ ਕਾਰਨ ਹਨ?।

ਇਹ ਇੱਕ ਬੁਨਿਆਦੀ ਸੱਚ ਪੰਜਾਬ ਹੈ ਕਿ ਪਰਵਾਸ ਪ੍ਰਤੀ ਆਕਰਸ਼ਨ ਪੰਜਾਬੀ ਸਮਾਜ ਵਿਚ ਵੱਡੇ ਰੂਪ ਵਿਚ ਹੈ।ਜੋ ਦਿਨੋ-ਦਿਨ ਵੱਧਦਾ ਹੀ ਜਾ ਰਿਹਾ ਹੈ।ਇਹ ਵੀ ਸੱਚ ਹੈ ਕਿ ਪੱਛਮ(ਪਰਵਾਸ) ਦੀ ਪਹਿਲੀ ਚਮਕ ਵਿਕਸਿਤ ,ਅਰਥਯੁਕਤ ਸਾਧਨ-ਸੰਪੰਨ ਨਜ਼ਰ ਆਉਂਦੀ ਹੈ।ਕਿਉਂਕਿ ਪਰਵਾਸੀ ਵੀ ਮੁੱਢਲੇ ਮਨੋਰਥ ਪੈਸਾ ਪ੍ਰਾਪਤੀ ਅਤੇ ਬਹੁਤ ਜਲਦੀ ਸਾਧਨ ਸੰਪੰਨਤਾ ਵਿਚ ਕਾਮਯਾਬ ਹੁੰਦਾ ਨਜ਼ਰ ਆ ਰਿਹਾ ਹੈ।ਸਾਧਨ ਸੰਪੰਨ ਹੋ ਕੇ ਜੀਵਨ ਜੀਉ ਰਿਹਾ ਪਰਵਾਸੀ ਜਦੋਂ ਆਪਣਾ ਸੰਵਾਦ ਆਪਣੀ ਪੰਜਾਬੀ ਆਤਮਾ ਅਤੇ ਭਾਰਤ ਤੋਂ ਪੱਛਮ ਮੰਗਵਾਈ ਗਈ ਨਵੀਂ ਅਤੇ ਪੁਰਾਣੀ ਪੀੜ੍ਹੀ ਨਾਲ ਰਚਾਉਂਦਾ ਹੈ ਤਾਂ ਸਾਰੀਆਂ ਸਮੱਸਿਆਵਾਂ ਦੀ ਪੂਰਤੀ ਕਰਦੇ ਪ੍ਰਦੇਸ਼ ਵਿਚੋਂ ਭਵਿੱਖ ਦੀਆਂ ਕਬਰਾਂ ਭਾਵ ਅਤੀਤ ਧੁੰਧਲਾ ਵੀ ਨਜ਼ਰ ਆਉਂਦਾ ਹੈ।ਨਾਲੇ ਉਸ ਲਈ ਇਹ ਵੀ ਸੰਕਟ ਹੈ ਕਿ ਖੁਦ ਵੀ ਪੱਛਮ ਦੀਆਂ ਰੰਗੀਨੀਆਂ ਹੰਢਾ ਚੁੱਕਾ ਉਹ ਮਨੁੱਖ ਖੁਦ ਆਪਣੀ ਔਲਾਦ ਨੂੰ ਦੂਰ ਰੱਖਣ ਦਾ ਯਤਨ ਕਰਦਾ ਹੈ।ਨਵੀ ਪੀੜ੍ਹੀ (ਪੂਰਨ ਪੱਛਮੀ ਕਦਰਾਂ-ਕੀਮਤਾਂ ਵਾਲੀ) ਬਜ਼ੁਰਗ ਪੀੜ੍ਹੀ (ਪੂਰੀ ਤਰ੍ਹਾਂ ਪਰੰਪਰਕ ਭਾਰਤੀ ਕਦਰਾਂ-ਕੀਮਤਾਂ ਦਾ ਪੱਖ ਪੂਰਨ ਵਾਲੀ)ਅਰਧ ਪੰਜਾਬੀ ਅਤੇ ਅਰਧ ਪੰਜਾਬੀ ਅਤੇ ਤੀਜੇ ਪਾਸੇ ਭਾਰਤੀ ਪਰੰਪਰਕ ਜੀਵਨ-ਜਾਚ ਵਾਲੀਆਂ ਤਿੰਨ ਮਾਨਸਿਕਤਾਵਾਂ ਵਿਚ ਆਪਸੀ ਵਿਚਾਰਦਾਰਕ ਮੱਤਭੇਦ ਅਤੇ ਵੱਖਰੀ ਹੋਂਦ ਸਥਾਪਿਤ ਕਰਨ ਦੀ ਰੁਚੀ ਕਈ ਨਵੇ ਸੁਆਲ ਪੈਦਾ ਕਰਦੀ ਹੈ।

ਜਿੱਥੇ ਭਾਰਤ ਚਿ ਔਰਤ ਨੂੰ ਮਰਦ ਤੋਂ ਬਾਦ ਦੂਜਾ ਦਰਜ਼ਾ ਪ੍ਰਾਪਤ ਹੈ।ਪਰ ਪੱਛਮ ਵਿਚ ਉਸਦੀ ਸਥਿਤੀ ਸਵੈ-ਨਿਰਭਰ ਅਤੇ ਸੁਤੰਤਰ ਹੈ।ਇਹ ਸਵੈ-ਨਿਰਭਰਤਾ ਅਤੇ ਬਰਾਬਰਤਾ ਵਾਲਾ ਵਾਤਾਵਰਨ ਉਸਨੂੰ ਮਰਦ ਬਰਾਬਰੀ ਦਾ ਅਹਿਸਾਸ ਦੁਆਉਂਦਾ ਹੈ।ਇਕ ਗੱਲ ਇਹ ਜ਼ਿਕਰਯੋਗ ਹੈ ਭਾਰਤ ਵਾਂਗ ਉਹ ਜ਼ੁਲਮ ਸਹਿਨ ਪਿੱਛੇ ਸਮਾਜਕ ਲੱਜ ਅਤੇ ਪਤੀ ਅਤੇ ਸਵੈ ਨਿਰਭਰਤਾ ਹੋਣਾ ਵੀ ਇਕ ਅਹਿਮ ਕਾਰਣ ਹੈ।ਪਰ ਪੱਛਮ ਵਿਚ ਅਜਿਹੀ ਸਥਿਤੀ ਨਹੀਂ ਹੈ।ਦੂਜੇ ਪਾਸੇ ਪਰਵਾਸੀ ਔਰਤ ਅਨਜੋੜ ਵਿਆਹ ਕਰਕੇ ਵੀ ਸੰਤਾਪ ਝੱਲਦੀ ਹੈ।ਡਾਕਟਰ,ਇੰਜੀਨਅਰ ਅਤੇ ਹੋਰ ਉਚੇਰੀ ਵਿੱਦਿਆ ਪ੍ਰਾਪਤੀ ਉਸਦੇ ਘੱਟ ਪੜ੍ਹੇ ਲਿਖੇ ਨਿਮਨ ਦਰਜੇ ਦੇ ਮਜ਼ਦੂਰ ਪਰਵਾਸੀ ਪਤੀ ਨਾਲ ਸੋਚ ਅਤੇ ਵਿਚਾਰਾਂ ਦਾ ਮੱਤਭੇਦ ਵੀ ਪੈਦਾ ਕਰਦਾ ਹੈ।ਨਾਲ ਹੀ ਕਿਚਨ ਦੀ ਸਾਂਭ-ਸੰਭਾਲ ,ਬੱਚਿਆਂ ਦੀ ਦੇਖ-ਭਾਲ ਅਤੇ ਮਰਦ ਦੇ ਬਰਾਬਰ ਥਕਾਉ ਮਿਹਨਤਾਂ ਕਰਦੀ ਹੋਈ ਭਾਰਤੀ ਮਿਹਨਤੀ ਔਰਤ ਦਾ ਪ੍ਰਤੀਕ ਨਜ਼ਰ ਆਓਂਦੀ ਹੈ।ਵਿਦੇਸ਼ ਵਿਚ ਰਹਿੰਦਿਆਂ ਪਰਵਾਸੀਆਂ ਦੀ ਭਾਰਤੀ ਨੂੰਹਾਂ ਲਿਆਉਣ ਦੀ ਚਾਹਤ ਉਸਦੀ ਸਥਿਤੀ ਨੂੰ ਹੰਢਣਸਾਰ ਵੀ ਬਣਾਉਂਦਾ ਹੈ।ਰਘੁਬੀਰ ਢੰਡ ਦੀ ਕਹਾਣੀ

ਹੰਢਣਸਾਰ ਵਿਚ ਇਹ ਸਥਿਤੀ ਸਪੱਸ਼ਟ ਹੁੰਦੀ ਹੈ।ਭਾਰਤੀ ਔਰਤ ਰਿਸ਼ਤਿਆਂ ਦਾ ਪੁਨਰ-ਸਿਰਜਨ ਕਰਨਾ ਭਾਵੇਂ ਜਾਨਦੀ ਹੈ।ਪਰ ਅੰਗਰੇਜੀ ਔਰਤਾਂ ਵਾਂਗ ਆਪਣੇ ਪਰਿਵਾਰਕ ਸੰਬੰਧਾਂ ਨੂੰਇਕਦਮ ਨਹੀਂ ਤੋੜਦੀ ਪੀੜ੍ਹੀ ਪਰਵਾਸ ਧਾਰਦੀ ਹੈ।ਉਸਨੂੰ ਸਵਰਗ ਜਾਪਦੇ ਪੱਛਮ ਵਿਚੋਂ ਕਦਰਾਂ-ਕੀਮਤਾਂ,ਸਭਿਆਚਾਰ ਦੀ ਟੁੱਟ ਭੱਜ ਹੀ ਨਜ਼ਰ ਆਉਂਦੀ ਹੈ।ਆਪਣਾ ਹੂ-ਬ-ਹੂ ਨਕਸ਼ ਨਵੀਂ ਪੀੜ੍ਹੀ ਵਿਚ ਵੇਖਣ ਦੀ ਆਦੀ ਬਜ਼ੁਰਗ ਪੀੜ੍ਹੀ ਪੱਛਮੀ ਔਲਾਦ ਦੇ ਨਵੇਂ ਨਕਸ਼-ਨੁਹਾਰ ਨੂੰ ਵੇਖਕੇ ਸੰਤਾਪਿਤ ਹੁੰਦੀ ਹੈ।ਪੰਜਾਬੀਅਤ ਰੂਪੀ ਰੁਖ ਉਸਨੂੰ ਪੱਛਮੀ ਨੰਗੇਜ਼ਤਾ,ਸੁਤੰਤਰਤਾ ਰੂਪੀ ਸਿਉਂਕ ਦੇ ਰੂਪ ਵਿਚ ਹਰਿਆ ਭਰਿਆ ਨਜ਼ਰ ਨਹੀਂ ਆਉਂਦਾ ।ਆਤਮਜੀਤ ਦੇ ਨਾਟਕ "ਕੈਮਲੂਪਸ ਦੀਆਂ ਮੱਛੀਆਂ"ਵਿਚ ਭਾਈਏ ਨਾਂ ਦਾ ਬਜ਼ੁਰਗ ਸਥਿਤੀ ਕਰਕੇ ਸੰਤਾਪਿਤ ਹੁੰਦਾ ਹੈ।ਅਸਲ ਵਿਚ ਹਰੇਕ ਪੀੜ੍ਹੀ ਦਾ ਆਪਣਾ ਸੱਚ ਹੈ।ਨਵੇ ਮਾਹੌਲ ਦੀ ਜੰਮਪਲ ਨਵੀਂ ਪੀੜ੍ਹੀ ਨੂੰ ਪ੍ਰਵਾਨ ਕਰਨਾ ਬਜ਼ੁਰਗਾਂ ਦਾ ਮਾਨਸਿਕ ਠਹਿਰਾਉਵੀ ਹੈ।ਰੁਪਏ ਦੀ ਥਾਂ ਡਾਲਰਾਂ ਦੀ ਚਾਹਤ ਤਾਂ ਹੈ ।ਪਰ ਪੁਰਾਤਨ ਕਦਰਾਂ-ਕੀਮਤਾਂ ਦੀ ਥਾਂ ਨਵੀਨ ਸੋਚ ਵਿਗਾੜ ਨਜ਼ਰ ਆਉਂਦੀ ਹੈ।ਉਹ ਆਪਣੀਆਂ ਇੱਛਾਵਾਂ ਦੇ ਅਪੂਰਨ ਹੋਣ ਦੀ ਸਥਿਤੀ ਕਾਰਨ ਦੁੱਖ ਝੱਲਦੇ ਹਨ।ਪੱਛਮ ਵਿਚ ਜੰਮਪਲ ਨਵੀਂ ਪੀੜ੍ਹੀ ਉੱਤਰ-ਆਧੁਨਿਕ ਵਾਲੀ ਸੋਚ ਲੈਕੇ ਜੀ ਰਹੇ ਹਨ।ਪਦਾਰਥਾਂ ਸਾਧਨਾਂ ਨੂੰ ਤਰਜੀਹ ਦੇਣ ਵਾਲੀ ਨਵੀਂ ਪੀੜ੍ਹੀ ਨਵਗਿਆਨ ਨਾਲ ਜੁੜ ਕੇ ਵਿਸ਼ਵਪੱਧਰੀ ਨਵੀਨ ਸੋਚ ਦੀ ਪ੍ਰਤਿਨਿਧਤਾ ਵੀ ਕਰਦੀ ਹੈ।ਅੰਗਰੇਜ਼ੀ ਸਿੱਖਿਆ ਅਤੇ ਸਿਸਟਮ ਦਾ ਪ੍ਰਭਾਵ ਕਾਰਨ ਉਹ ਮਨਮਰਜ਼ੀ ਅਨੁਸਾਰ ਕਾਰਜ ਕਰਦੇ ਹਨ।ਪਰ ਦਾਦੇ ਦੀ ਪੁਰਾਤਨ ਮੱਧਕਾਲੀ ਸੋਚ ਬਾਪ ਦੀਆਧੁਨਿਕ ਸਮੇਂ ਧਾਂ ਸਿਰਫ ਪੈਸੇ ਪ੍ਰਾਪਤੀ ਵਾਲੀ ਸੋਚ ਬੱਚਿਆਂ ਲਈ ਬੰਦਿਸ਼ਾਂ ਵੀਪੈਦਾ ਕਰਦਾ ਹੈ।

ਦਾਦੇ ਦੀ ਸਭਿਆਚਾਰ ਦੀ ਰਟ,ਬਾਪ ਦਾ ਤਰੱਕੀ ਕਰਨ (ਭਾਵ ਪੈਸਾ ਕਮਾਉਣ ਦੀ ਰੁਚੀ ) ਉਹਨਾਂ ਦੀ ਸਾਧਨਾਂ ਅਨੁਸਾਰ ਜਿਉਣ ਦੀ ਚਾਹਤ ਅੱਗੇ ਰੁਕਾਵਟ ਹੈ। ਸਥਿਤੀ ਹੋਰ ਗੰਝਲਦਾਰ ਉਦੋਂ ਹੁੰਦੀਂ। ਜਦੋਂ ਨਵੀਂ ਪੀੜ੍ਹੀ ਭਾਰਤੀ ਪ੍ਰੰਪ੍ਰਾ ਸਬੰਧੰ (ਜਾਤ,ਧਰਮ,ਆਰਥਿਕਤਾ ਅਤੇ ਸਮਾਜਕ ਬਰਾਬਰਤਾ)ਦੀ ਥਾਂ ਗੈਰ ਸੱਭਿਆਚਾਰ ਵਿਚ ਵੀ ਲਾਉਣਾ ਲੋਚਦੇ ਹਨ।ਇਹ ਉਹਨਾਂ ਨੂੰ ਪਰੰਪਰਕ ਮਾਪਿਆਂ ਅਤੇ ਖਾਸ ਕਰਕੇ ਦਾਦੇ ਵਾਲੀ ਪੀੜ੍ਹੀ ਤੋਂ ਤਾਂਪੂਰੀ ਤਰ੍ਹਾਂ ਦੂਰ ਲ਼ੈ ਹੀ ਜਾਂਦੇ ਹਨ। ਭਾਵੁਕਤਾ ਦੀ ਥਾਂ ਸਾਧਨਾਂ ਨੂੰ ਤਰਜੀਹਦਿੰਦੀ ਇਹ ਪੀੜ੍ਹੀਕਾਨੂੰਨ ਦਾ ਸਹਾਰਾ ਲੈਕੇ ਮਾਪਿਆਂ ਨੂੰ ਸਜ਼ਾ ਵੀ ਦੁਆਉਂਦੀ ਹੈ ।ਪਰ ਅਸਲ ਵਿਚ ਦੋਵਾਂ ਪਾਸਿਓ ਸੋਚਿਆ ਜਾਵੇ ਤਾਂ ਹਰੇਕ ਆਪਣੀਸੋਚ ਅਤੇ ਸਮੇਂਦੀ ਪ੍ਰਤਿਨਿਧਤਾ ਕਰਦਾ ਹੈ।ਇਕ ਪੱਛਮ ਉਜਾੜ ਨਜ਼ਰ ਆਉਂਦਾ ਹੈ।

ਪਰਵਾਸੀ ਹੋਈ ਪਹਿਲੀ ਨੌਜਵਾਨ ਪੀੜ੍ਹੀ ਪਹਿਲੇ ਮਕਸਦ (ਡਾਲਰ ਪ੍ਰਾਪਤੀ)ਵਿਚੋ ਕਾਮਯਾਬ ਨਜ਼ਰ ਆਉਂਦੀ ਹੈ।ਰਾਸ਼ਟਰ ਲਈ ਜਾਨ ਕੁਰਬਾਨ ਕਰ ਦੇਣਾ ਪੰਜਾਬੀ ਲੋਕ ਸਭਿਆਚਾਰ ਵਿਚ ਬੋਲਬਾਲਾ ਹੈ।ਇਸ ਵਿਚੋਂ ਪੈਦਾ ਹੋਈ ਬਹਾਦੁਰੀ ਅਤੇ ਉਜਾੜੇ ਦੀ ਭਾਵਨਾ ਤਰੱਕੀ ਨਾਲ ਜਿੱਥੇ ਜੋੜਦਾ ਹੈਪਰ ਇਹ ਸੱਚ ਹੈ ਕਿ ਪੰਜਾਬ ਵਿਚਲਾ ਅਲਗਾਵਵਾਦੀ ਸੋਚ ਪੱਛਮ ਰਹਿੰਦਿਆਂ ਪਰਵਾਸੀਆਂ ਵਿੱਚ ਬਹੁਤ ਜਿਆਦਾ ਹੈ।ਜਰਨੈਲ ਸਿੰਘ ਦੀ ਕਹਾਣੀ ਅਜਿਹੀ ਮਾਨਸਿਕਤਾ ਦਾ ਪ੍ਰਭਾਵ ਹੈ।ਪਰ ਇਹੀ ਪੰਜਾਬ ਵਿਚਲਾ ਆਤੰਕਵਾਦੀ ਦੌਰ ਪਰਵਾਸੀ ਲੋਕਾਂ ਦੇ ਵਤਨ ਵਾਪਸ ਪਰਤਣ ਦੀ ਚਾਹਤ ਉਤੇ ਪ੍ਰਸ਼ਨਚਿੰਨ ਵੀ ਲਾਉਂਦਾ ਹੈ।ਪਰ "ਪੰਜਾਬ ਹਿੰਦੂ ਨਾ ਮੁਸਲਮਾਨ ਪੰਜਾਬ ਜਿਉਂਦਾ ਗੁਰਾਂ ਦੇ ਨਾਂ ਤੇ"ਅਜਿਹੇ ਸਾਡੇ ਕਵੀਆਂ ਦੇ ਦੇ ਬੋਲ ਅਜ ਵੀ ਪੰਜਾਬੀ ਮਾਨਸਿਕਤਾ ਨੂੰ

ਸਾਂਸਕ੍ਰਿਤਕ,ਧਾਰਮਿਕ ਸਾਂਝ ਵੱਲ ਲੈ ਤੋਰਦੇ ਹਨ। ਮਿੱਟੀ ਮੋਹ ਚੇਤਨ-ਅਵਚੇਤਨਪੱਧਰ ਤੇ ਹੈ ਕਿ ਬਾਸਹਾਰੇ ਅਣਪਛਾਣੇ ਨਵੇਂ ਪਰਵਾਸੀਆਂ ਦੀ ਅਜ ਵੀ ਮਦਦ ਕਰਦੇ ਹਨ।

ਪਰਵਾਸ ਅਸਲ ਵਿਚ ਵਿਕਾਸ ਹੈ। ਨਾਂ ਦੀ ਵਿਨਾਸ਼ ਜਾਂ ਵਿਗਾੜ੍ਹ।ਆਰਥਿਕ.ਸਮਾਜਿਕ,ਮਾਨਸਿਕ ਅਤੇ ਵਿੱਦਿਅਕ ਤਰੱਕੀ ਦੇ ਨਵੇਂ ਅਰਥ ਪ੍ਰਵਾਸੀ ਨੂੰ ਮਿਲਦੇ ਹਨ। ਹਾਂ ,ਸਭਿਆਚਰਕ ਮੋਹ,ਧਾਰਮਿਕ ਚੇਤਨਾ, ਮਿੱਟੀ ਮੋਹ ਨਾਲੋ ਨਵੀਂ ਪੀੜ੍ਹੀ ਨਿਰਮੋਹੀ ਹੈ। ਪਰ ਅਸਲ ਵਿਚ ਇਹ ਵੀ ਵਿਕਾਸ ਹੈ। ਜਿੱਥੇ ਨਵਾਂ ਮਹਿਲ ਓਸਾਰਨ ਲਈ ਪੁਰਾਨੇ ਮਕਾਨ ਨੂੰ ਢਹਿਢੇਰੀ ਕਰਕੇ ਖੰਡਰ ਸਮੱਗ੍ਰੀ ਨੂੰ ਨੀਂਹ ਜਥ ਫਰਸ਼ ਹੇਠ ਵਰਤਿਆ ਜਾਂਦਾ ਹੈ। ਐਵੇਂ ਕੁੱਝ ਪਰਪਰੰਪਰਕ ਕੀਮਤਾਂ ਨੂੰ ਆਪਣੇ ਜੀਵਨ ਦੀ ਨੀਂਹ ਵਿਚ ਵਰਤੋਂ ਕਰਕੇ ਜੇ ਪਰਵਾਸੀ ਨਵੀਂ ਪੀੜ੍ਹੀ ਅੱਗੇ ਵਧੇ। ਜੇ ਪੁਰਾਣੇ ਸਮੇਂ ਦੀ ਸੋਚ ਅਨੁਸਾਰ ਸੋਚਾਂਗੇ ਤਾਂ ਪਰਵਾਸ ਉਜਾੜ ਹੈ। ਜੇ ਨਵੀਂ ਸੋਚ ਅਨੁਸਾਰ ਤਾਂ ਪਰਵਾਸ ਵਿਕਾਸ ਜੇ ਰੇਅਬਨ ਦਾ ਚਸ਼ਮਾ ਲਾਕੇ ਪਰਵਾਸ ਨੂੰ ਦੇਖਾਂਗੇ ਤਾਂ ਰੰਗਦਾਰ,ਸ਼ਾਨਦਾਰ ਨਜ਼ਰ ਆਏਗਾ ਜੇ ਮੋਟੇ ਪੁਰਾਣੇ ਚਸ਼ਮੇ ਅਨੁਸਾਰ ਸੋਚਾਂਗੇ ਤਾਂ ਪਰਵਾਸ ਨਿਰੀ ਉਜਾੜ।

### ਹਵਾਲੇ ਅਤੇ ਟਿੱਪਣੀਆਂ

1. ਸਵਰਨ ਚੰਦਨ,ਕੰਜਕਾਂ,ਪੰਨਾਂ-68
2. ਹਰਜੀਤ ਅਟਵਾਲ,ਰੇਤ,ਪੰਨਾਂ-27
3. ਆਤਮਜੀਤ,ਕੈਮਲੂਪਸ ਦੀਆਂ ਮੱਛੀਆਂ, ਪੰਨਾਂ-33
4. ਰਘੁਬੀਰ ਢੰਡ,ਸ਼ਾਨੇ ਪੰਜਾਬ,ਪੰਨਾਂ-4
5. ਜਰਨੈਲ ਸਿੰਘ,ਦੋ ਟਾਪੂ,ਪੰਨਾਂ-16

PURVA MIMAANSA